# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ./ਸੈ.ਸਿ.) ਬਠਿੰਡਾ

ਕਮਰਾ ਨੰਬਰ 458,ਤੀਜੀ ਮੰਜ਼ਿਲ, ਮਿੰਨੀ ਸਕੱਤਰੇਤ, ਬਠਿੰਡਾ ਈ-ਮੇਲ:-misbathinda@punjabeducation.gov.in

**ਵੱਲ:**

**ਸਕੂਲ ਮੁਖੀ/ਪ੍ਰਿੰਸੀਪਲ**
**ਕੈਂਮਬ੍ਰਿਜ ਗਲੋਬਲ ਸਕੂਲ ਜੋਧਪੁਰ ਰੋਮਾਣਾ,**
**ਗਿਆਨ ਗੁਣ ਸਾਗਰ ਇੰਟਰਨੈਸ਼ਨਲ ਸਕੂਲ ਤਿੱਤਰਸਰ,**
**ਬਾਬਾ ਕਾਲਾ ਪਬਲਿਕ ਸਕੂਲ ਮਹਿਰਾਜ,**
**ਦਸ਼ਮੇਸ਼ ਪਬਲਿਕ ਹਾਈ ਸਕੂਲ ਤੁੰਗਵਾਲੀ,**
**ਫਤਿਹ ਸੀ.ਸੈ. ਸਕੂਲ ਰਾਮਪੁਰਾ ਪਿੰਡ,**
**ਵੀਟ ਫੀਲਡ ਕੋਨਵੈਂਟ ਸਕੂਲ ਘੁੱਦਾ,**
**ਜ਼ਿਲ੍ਹਾ ਬਠਿੰਡਾ।**

ਪੱਤਰ ਨੰ:-ਐਮ.ਆਈ.ਐਸ./ਯੂਡਾਈਸ/2023-202349665
ਮਿਤੀ:-ਬਠਿੰਡਾ/21 **ਫਰਵਰੀ 2023**

**ਵਿਸ਼ਾ:-** **ਯੂ-ਡਾਈਸ ਸਰਵੇ 2022-23 ਸਬੰਧੀ।**

ਹਵਾਲਾ:-ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ.ਨਗਰ ਜੀ ਦੇ ਮੀਮੋ ਨੰ:-2022/ਐਮ.ਆਈ.ਐਸ./ਯੂਡਾਈਸ/2022/333437, ਮਿਤੀ:-20/12/2022 ਦੇ ਸਬੰਧ ਵਿੱਚ।

ਹਵਾਲਾ:-ਇਸ ਦਫ਼ਤਰ ਦੇ ਪੱਤਰ ਨੰ:-ਐਮ.ਆਈ.ਐਸ./ ਯੂ-ਡਾਈਸ-2022-23/2022334753, ਮਿਤੀ 21 ਦਸੰਬਰ 2022 ਸਬੰਧੀ।

ਹਵਾਲਾ:-ਇਸ ਦਫ਼ਤਰ ਦੇ ਪੱਤਰ ਨੰ:-ਐਮ.ਆਈ.ਐਸ./ ਯੂ-ਡਾਈਸ-2022-23/202326749, ਮਿਤੀ 30 ਜਨਵਰੀ 2023 ਸਬੰਧੀ।

ਹਵਾਲਾ:-ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ.ਨਗਰ ਜੀ ਦੇ ਮੀਮੋ ਨੰ:-ਐੱਮ.ਆਈ.ਐੱਸ./ਯੂਡਾਈਸ/2023/17847, ਮਿਤੀ:-19/01/2023 ਦੇ ਸਬੰਧ ਵਿੱਚ।

ਹਵਾਲਾ:-ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ.ਨਗਰ ਜੀ ਦੇ ਮੀਮੋ ਨੰ:-ਐਮ.ਆਈ.ਐਸ./ਯੂਡਾਈਸ/2023/26003, ਮਿਤੀ:-30/01/2023 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰਾਂ ਰਾਹੀ ਆਪ ਨੂੰ ਲਿਖਿਆ ਗਿਆ ਸੀ ਕਿ ਯੂਡਾਈਸ ਸਰਵੇ 2022-23 ਨੂੰ ਸਕੂਲ ਰਿਕਾਰਡ ਅਨੁਸਾਰ ਸਹੀ ਵ ਦਰੁੱਸਤ ਭਰਿਆ ਜਾਵੇ।ਪ੍ਰੰਤੂ ਮਿਤੀ 20-02-2023 ਦੀ ਰਿਪੋਰਟ ਅਨੁਸਾਰ ਆਪ ਵੱਲੋਂ ਯੂਡਾਈਸ ਸਰਵੇ 2022-23 ਦਾ ਵਿਦਿਆਰਥੀਆ ਦਾ ਡਾਟਾ ਅਪਡੇਟ ਕਰਨ ਦਾ ਕੰਮ ਸ਼ੁਰੂ ਨਹੀ ਕੀਤਾ ਗਿਆ।ਕਿਉਕਿ ਐਮ.ਐਚ.ਆਰ.ਡੀ., ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੂਡਾਈਸ ਸਰਵੇ ਹਰ ਸਾਲ ਸਕੂਲਾਂ ਤੋਂ ਵਿਦਿਆਰਥੀਆਂ, ਅਧਿਆਪਕਾਂ, ਸਕੂਲ ਦੇ ਬੁਨਿਆਦੀ ਢਾਂਚੇ ਅਤੇ ਵੱਖ ਵੱਖ ਸਕੂਲ ਪੱਧਰ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਇਕੱਤਰ ਕਰਨ ਲਈ ਕਰਵਾਇਆ ਜਾਂਦਾ ਹੈ।ਇਸ ਸਰਵੇ ਅਧੀਨ ਰਾਜ ਵਿੱਚ ਚੱਲ ਰਹੇ ਹਰ ਪ੍ਰਕਾਰ ਦੇ ਸਕੂਲਾਂ (ਸਰਕਾਰੀ, ਏਡਿਡ, ਪ੍ਰਾਈਵੇਟ ਅਨ ਏਡਿਡ, ਆਦਰਸ਼ ਅਤੇ ਸੈਂਟਰਲ ਆਦਿ) ਤੋਂ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ ਅਤੇ ਹਰੇਕ ਸਕੂਲ ਵੱਲੋਂ ਯੂਡਾਈਸ ਸਰਵੇ ਦਾ ਡਾਟਾ ਭਰਨਾ ਲਾਜ਼ਮੀ ਹੈ।

ਇਸ ਸਬੰਧੀ ਬਲਾਕ ਐੱਮ.ਆਈ.ਐੱਸ. ਕੋਆਰਡੀਨੇਟਰ ਵਲੋਂ ਆਪ ਨੂੰ ਕਈ ਵਾਰ ਫੋਨ ਕੀਤਾ ਜਾ ਚੁੱਕਾ ਹੈ ਪਰ ਆਪ ਵਲੋਂ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨਾ ਜ਼ਰੂਰੀ ਨਹੀ ਸਮਝਿਆ ਗਿਆ ਜਿਸ ਦਾ ਵਿਭਾਗ ਵਲੋਂ ਗੰਭੀਰ ਨੋਟਿਸ ਲਿਆ ਗਿਆ ਹੈ ਕਿਉਂ ਨਾਂ ਆਪ ਦੇ ਖਿਲਾਫ ਉੱਚ ਅਧਿਕਾਰੀਆਂ ਨੂੰ ਲਿਖ ਦਿੱਤਾ ਜਾਵੇ। ਉਕਤ ਕੰਮ ਸ਼ੁਰੂ ਨਾ ਕਰਨ ਦਾ ਕਾਰਨ ਪੱਤਰ ਜਾਰੀ ਹੋਣ ਦੇ ਦੋ ਦਿਨਾਂ ਦੇ ਅੰਦਰ ਨਿਮਨਹਸਤਾਖਰ ਦੇ ਪੇਸ਼ ਕੀਤਾ ਜਾਵੇ। ਜਵਾਬ ਨਾ ਮਿਲਣ ਦੀ ਸੂਰਤ ਵਿੱਚ ਆਪ ਦੇ ਖਿਲਾਫ ਅਗਲੇਰੀ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

21/2/23

**ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.),**
**ਬਠਿੰਡਾ।**

ਪਿੱਠ ਅੰਕਣ ਨੰ:-ਉਕਤ ਮਿਤੀ:-ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ. ਨਗਰ।
2. ਜੋਨਲ ਐੱਮ.ਆਈ.ਐੱਸ. ਕੋਆਰਡੀਨੇਟਰ ਲੁਧਿਆਣਾ।
3. ਆਰ.ਟੀ.ਈ. ਸ਼ਾਖਾ ਦ:ਜ਼ਿ:ਸਿੱ:ਅ(ਐ.ਸਿ.) ਬਠਿੰਡਾ।
4. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ।
5. ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਠਿੰਡਾ, ਰਾਮਪੁਰਾ, ਮੌੜ, ਸੰਗਤ।

**ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.),**
**ਬਠਿੰਡਾ।**